

ਕਿ ਜਿਸ ਦਿਨ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ-ਪੀਰੀ ਦੀਆਂ ਕਿਰਪਾਨਾਂ ਪਹਿਨੀਆਂ ਅਤੇ ਸਿੱਖਾਂ ਨੂੰ ਸ਼ਸਤਰਧਾਰੀ ਹੋਣ ਦਾ ਆਦੇਸ਼ ਦਿੱਤਾ ਗਿਆ, ਉਸ ਦਿਨ ਆਮ ਸਿੱਖ ਭੰਬਲਭੂਸੇ ਵਿਚ ਪੈ ਗਏ ਸਨ। ਬਹੁਤ ਸਾਰੀ ਸੰਗਤ ਗੁਰੂ ਸਾਹਿਬ ਨੂੰ ਰਾਹੋਂ 'ਲਾਂਭੇ' ਪਿਆ ਸਮਝਣ ਲੱਗੀ ਸੀ। ਕੁਝ ਮੋਹਿਤਬਰਾਂ ਨੇ ਮਾਤਾ ਜੀ ਪਾਸ 'ਸ਼ਿਕਾਇਤ' ਵੀ ਕੀਤੀ ਸੀ। ਇਸ ਸਮੇਂ ਵੱਡਾ ਸੰਕਟ ਖੜ੍ਹਾ ਹੋ ਗਿਆ ਸੀ। ਭਾਈ ਗੁਰਦਾਸ ਅਤੇ ਬਾਬਾ ਬੁੱਢਾ ਜੀ ਵਰਗੇ ਮਹਾਂਪੁਰਸ਼ਾਂ ਨੇ ਇਸ ਸਮੇਂ ਵੱਡੀ ਮਿਹਨਤ ਉਪਰੰਤ, ਸੰਗਤਾਂ ਨੂੰ ਗੁਰੂ-ਦਰ ਨਾਲ ਜੋੜੀ ਰੱਖਿਆ। ਭਾਈ ਗੁਰਦਾਸ ਜੀ ਨੇ ਇਸ ਪ੍ਰਥਾਏ ਕਈ ਪਉੜੀਆਂ ਰਚੀਆਂ ਅਤੇ ਉਨ੍ਹਾਂ ਸੰਗਤਾਂ ਨੂੰ ਸਮਝਾਇਆ ਕਿ ਗੁਰੂ ਹਰਿਗੋਬਿੰਦ ਸਾਹਿਬ ਉਸੇ ਮਾਲਾ ਦੇ ਮੋਤੀ ਹਨ, ਜਿਸ ਦੇ ਪਹਿਲੇ ਪੰਜ ਗੁਰੂ-ਸਾਹਿਬਾਨ ਸਨ। ਸੰਗਤਾਂ ਨੇ ਜਲਦੀ ਹੀ ਗੁਰੂ-ਕਾਜ ਲਈ ਮਰ-ਮਿਟਣ ਨੂੰ ਧੰਨ ਸਮਝ ਲਿਆ। ਗੱਭਰੂਆਂ ਨੇ ਆਪਣੀਆਂ ਜਵਾਨੀਆਂ ਨੂੰ ਗੁਰੂ ਅੱਗੇ ਸਮਰਪਣ ਕਰਕੇ, ਧੰਨ ਕਰ ਲਿਆ ਸੀ।

ਇਸ ਫ਼ੌਜੀਕਰਨ ਦਾ ਅਗਲਾ ਪੜਾਅ ਸੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਦਾ ਐਲਾਨ! ਹਰਿਮੰਦਰ ਸਾਹਿਬ ਦੇ ਸਾਹਮਣੇ ਸੰਨ ੧੬੦੬ ਈ. ਨੂੰ ਅਕਾਲ ਤਖਤ ਦੀ ਨੀਂਹ ਰੱਖੀ ਗਈ। ਇਸ ਇਮਾਰਤ ਨੂੰ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਆਪਣੀ ਹੱਥੀਂ ਬਣਾਇਆ। ਸੰਨ ੧੬੦੬ ਈ. ਨੂੰ ਦੁਨੀਆਂ ਵਿਚ ਪਹਿਲੀ ਵੇਰਾਂ ਅਕਾਲ ਤਖ਼ਤ ਦਾ ਸੰਕਲਪ ਸਾਕਾਰ ਹੋਇਆ। ਝੂਠੇ ਬਾਦਸ਼ਾਹਾਂ ਦੇ ਕੂੜੇ ਤਖ਼ਤਾਂ ਦੀ ਥਾਂ ਸੱਚੇ ਪਾਤਸ਼ਾਹ ਦਾ ਅਕਾਲੀ ਤਖ਼ਤ ਸੀ। ਇਸ ਅਸਥਾਨ 'ਤੇ ਨਿਸ਼ਾਨ ਸਾਹਿਬ ਅਤੇ ਨਗਾਰਾ ਵੀ ਸਥਾਪਤ ਕੀਤੇ ਗਏ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਅਜਿਹੇ ਤਖ਼ਤ ਦੀ ਰਚਨਾ ਕਰਕੇ, ਸੰਗਤਾਂ ਦੇ ਮਨਾਂ ਵਿਚੋਂ ਹਕੂਮਤ ਦੇ ਦਬਦਬੇ ਨੂੰ ਖਤਮ ਕਰ ਦਿੱਤਾ ਸੀ। ਗੁਰੂ ਉਨ੍ਹਾਂ ਨੂੰ 'ਸੱਚਾ ਪਾਤਸ਼ਾਹ' ਸੀ ਅਤੇ ਉਹੀ 'ਤਖ਼ਤ ਦਾ ਮਾਲਕ' ਸੀ। ਗੁਰੂ ਸਾਹਿਬ ਦੇ ਦਰਬਾਰ ਦੀ ਸ਼ਾਨੋ-ਸ਼ੌਕਤ, ਸ਼ਾਹੀ ਦਰਬਾਰ ਦਾ ਮੂੰਹ ਚਿੜਾਉਂਦੀ ਸੀ। ਇਸ ਦਰਬਾਰ ਵਿਚ ਲੋਕਾਂ ਦੇ ਝਗੜੇ ਹੱਲ ਕੀਤੇ ਜਾਂਦੇ ਸਨ। ਇਹ ਵਿਰੋਧੀ ਤਾਕਤਾਂ ਫਿਰ ਚਿੰਤਤ ਹੋ ਗਈਆਂ। ਉਨ੍ਹਾਂ ਨੇ ਬਾਦਸ਼ਾਹ ਜਹਾਂਗੀਰ ਦੇ ਦੁਬਾਰਾ ਕੰਨ ਭਰਨੇ ਸ਼ੁਰੂ ਕਰ ਦਿੱਤੇ ਕਿ ਗੁਰੂ ਹਰਿਗੋਬਿੰਦ ਸਾਹਿਬ ਫ਼ੌਜ ਇਕੱਠੀ ਕਰਕੇ, ਆਪਣੇ ਗੁਰੂ-ਪਿਤਾ ਦੀ ਸ਼ਹੀਦੀ ਦਾ ਬਦਲਾ ਲੈਣ ਲਈ, ਹਕੂਮਤ ਨਾਲ ਟਕਰਾਉਣਾ ਚਾਹੁੰਦੇ ਹਨ। ਮਿਲੀਆਂ ਰਿਪੋਰਟਾਂ ਦੇ ਆਧਾਰ 'ਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ੧੬੦੬ ਈ. ਨੂੰ ਗ੍ਰਿਫਤਾਰ ਕਰਕੇ, ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਕਰ ਦਿੱਤਾ ਗਿਆ। ਆਪ ਜੀ ਨੂੰ ੧੨ ਸਾਲ ਕੈਦ ਦੀ ਸਜ਼ਾ ਸੁਣਾਈ ਗਈ ਪਰ ੧੬੧੧ ਈ. ਨੂੰ ਬਾਦਸ਼ਾਹ ਨੇ ਆਪ ਜੀ ਨੂੰ ਰਿਹਾ ਕਰਨ ਦਾ ਹੁਕਮ ਦਿੱਤਾ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਸ ਦਰਮਿਆਨ ਸਿੱਖ ਸੰਗਠਨ ਦੀ ਮਜ਼ਬੂਤੀ ਅਤੇ ਵਾਧੇ ਲਈ ਦੇਸ਼ ਭਰ ਵਿਚ ਦੌਰਾ ਕੀਤਾ। ਉਨ੍ਹਾਂ ਨੇ ਗੁਰਮਤਿ ਵਿਚਲੇ ਮੀਰੀ-ਪੀਰੀ ਦੇ ਸੁਮੇਲ ਦੇ ਸਿਧਾਂਤ ਦੀ ਮਹੱਤਤਾ, ਉਸ ਸਮੇਂ ਦੇ ਧਾਰਮਕ ਆਗੂਆਂ ਨੂੰ ਦੱਸੀ। ਗੁਰੂ ਜੀ ਨੇ ਧਰਮ ਦੇ ਸਮਾਜਕ ਮਹੱਤਵ ਨੂੰ ਸਮਝ ਲਿਆ ਸੀ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਣਿਆਂ ਅਤੇ ਉਦਾਸੀਆਂ ਨੂੰ, ਸਿੱਖ-ਸੰਗਠਨ ਵਿਚ ਲਿਆਉਣ ਦੇ ਯਤਨ ਕੀਤੇ।

**ਸਾਰ :** ਇਸਲਾਮ ਤੋਂ ਬਾਅਦ ਇਹ ਸਿੱਖ ਮੱਤ ਹੀ ਸੀ, ਜਿਸ ਦਾ ਫ਼ੌਜੀਕਰਨ ਹੋਇਆ। ਇਹੀ ਕਾਰਨ ਹੈ ਕਿ ਬਹੁਤੇ ਮੁਸਲਿਮ ਵਿਦਵਾਨਾਂ ਨੇ ਤਾਂ ਇਸ ਫ਼ੌਜੀਕਰਨ ਦੀ ਘਟਨਾ ਨੂੰ ਸਮਝ ਲਿਆ ਹੈ, ਜਦੋਂ ਕਿ ਹਿੰਦੂ ਅਤੇ ਈਸਾਈ ਪਿੱਠਭੂਮੀ ਵਾਲੇ ਵਿਦਵਾਨ, ਇਸ ਘਟਨਾ ਨੂੰ ਸਮਝਣ ਤੋਂ ਅਸਮਰਥ ਰਹੇ ਹਨ। ਗੁਰੂ ਹਰਿਗੋਬਿੰਦ ਸਾਹਿਬ ਜੀ ਦੀਆਂ ਨੀਤੀਆਂ ਦੇ ਦੂਰ-ਅੰਦਾਜ਼ ਪ੍ਰਭਾਵ ਪਏ। ਬਾਅਦ ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸੰਤ-ਸਿਪਾਹੀਆਂ ਦੇ ਇਸ ਮੱਤ ਨੂੰ ਸਦੀਵਤਾ ਪ੍ਰਦਾਨ ਕੀਤੀ। ਉਨ੍ਹਾਂ ਨੇ ਦਸਮ-ਪਿਤਾ ਲਈ ਪਲੇਟਫਾਰਮ ਮੁਹੱਈਆ ਕੀਤਾ।

ਆਧੁਨਿਕ ਸਮੇਂ ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਪ੍ਰਚਾਰੇ ਮੀਰੀ-ਪੀਰੀ ਦੇ ਸਿਧਾਂਤ ਦਾ ਭਾਰੀ ਮਹੱਤਵ ਹੈ। ਧਰਮ ਨੇ ਜ਼ਿੰਦਾ ਰਹਿਣਾ ਹੈ ਤਾਂ ਜ਼ਰੂਰੀ ਹੈ ਕਿ ਧਰਮ, ਮਨੁੱਖੀ ਸਮੱਸਿਆਵਾਂ ਨੂੰ ਹੱਲ ਕਰੇ ਜਾਂ ਹੱਲ ਕਰਾਉਣ ਵਿਚ ਆਪਣਾ ਹਿੱਸਾ ਪਾਵੇ। ਮਾਲਾ ਫੇਰਨ ਤੱਕ ਰਹਿਣ ਵਾਲਾ ਧਰਮ ਆਪਣਾ ਭਵਿੱਖ ਗੰਵਾ ਲਵੇਗਾ।

ਧਰਮ ਮਨੁੱਖ ਦੀ ਅਧਿਆਤਮਕ ਉਨਤੀ ਦੇ ਨਾਲ-ਨਾਲ ਵਿਗਿਆਨ, ਟਕਨਾਲੋਜੀ, ਉਤਪਾਦਨ ਅਤੇ ਉਸ ਦੀ ਪਦਾਰਥਕ ਖੁਸ਼ਹਾਲੀ ਵਿਚ ਵਾਧਾ ਕਰੇ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਧਰਮ ਨੂੰ ਜ਼ਿੰਦਾ ਰੂਹਾਂ ਦਾ ਧਰਮ ਬਣਾ ਕੇ, ਸਿੱਖ-ਸੰਗਠਨ ਵਿਚ ਨਵਾਂ ਉਤਸ਼ਾਹ, ਨਵੀਆਂ ਆਸਾਂ ਅਤੇ ਮਰਨ ਦਾ ਚਾਓ ਭਰ ਦਿੱਤਾ। ਸਿੱਖ ਜੀਵਨ-ਜਾਂਚ ਵਿਚ ਮੀਰੀ-ਪੀਰੀ, ਭਗਤੀ-ਸ਼ਕਤੀ, ਦੇਗ-ਤੇਗ, ਸੰਤ-ਸਿਪਾਹੀ, ਲੋਕ-ਪਰਲੋਕ ਅਤੇ ਧਰਮ-ਰਾਜਨੀਤੀ ਵਿਚ ਸੁਮੇਲ ਅਤੇ ਸੰਤੁਲਨ ਕਰ ਦਿੱਤਾ। ਇਸ ਅਦੁੱਤੀ ਸੁਮੇਲ ਤੇ ਸੰਤੁਲਨ ਵਾਲੇ ਸਿਧਾਂਤ ਕਰਕੇ, ਸਿੱਖ ਮੱਤ ਨੇ ਸੰਸਾਰ ਦੇ ਇਤਿਹਾਸ ਵਿਚ ਆਪਣੀ ਨਿਵੇਕਲੀ ਦਿੱਖ ਅਤੇ ਪਹਿਚਾਣ ਬਣਾ ਲਈ ਹੈ।

ਗੁਰੂ ਹਰਿਗੋਬਿੰਦ ਸਾਹਿਬ ਨੇ ਔਖੀਆਂ ਪ੍ਰਸਥਿਤੀਆਂ ਵਿਚ ਗੁਰਗੱਦੀ ਦੀ ਵਾਂਗਡੋਰ ਸੰਭਾਲੀ ਸੀ। ਜੇਕਰ ਉਨ੍ਹਾਂ ਨੇ ਇਸ ਲੇਖ ਵਿਚ ਅੰਕਿਤ ਨੀਤੀਆਂ ਨਾ ਅਪਣਾਈਆਂ ਹੁੰਦੀਆਂ ਤਾਂ ਸਿੱਖ ਮੱਤ ਵੀ ਕਬੀਰ-ਪੰਥੀਆਂ ਵਾਂਗ ਕਦੇ ਭੁੱਲਿਆਂ-ਵਿੱਸਰਿਆਂ ਵਾਂਗ ਯਾਦ ਆਉਣ ਵਾਲਾ ਮੱਤ ਹੋ ਕੇ ਰਹਿ ਜਾਂਦਾ!

# ਬੇਸਹਾਰਾ ਬਜ਼ੁਰਗਾਂ ਲਈ ਕਿਸੇ ਸਵਰਗ ਤੋਂ ਘੱਟ ਨਹੀਂ ਬਿਰਧ ਆਸ਼ਰਮ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਚੰਦ ਪੁਰਾਣਾ

ਸੇਵਾ ਤੇ ਸਿਮਰਨ ਸਿੱਖ ਧਰਮ ਦੇ ਮਹਾਨ ਕਾਰਜ ਹਨ, ਜੋ ਸਦੀਆਂ ਤੋਂ ਚੱਲੇ ਆ ਰਹੇ ਹਨ। ਇਥੇ ਚੱਲੀ ਆ ਰਹੀ ਪਰੰਪਰਾ ਨੂੰ ਕਾਇਮ ਰੱਖਦੇ ਹੋਏ ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਜੀ ਨੇ ਬੇਸਹਾਰਾ ਬਜ਼ੁਰਗਾਂ ਲਈ ਬਿਰਧ ਆਸ਼ਰਮ ਦਾ ਨਿਰਮਾਣ ਕਰਵਾ ਕੇ ਜੋ ਸ਼ਲਾਘਾਯੋਗ ਮਹਾਨ ਕਾਰਜ ਕੀਤਾ ਹੈ, ਉਸ ਦੀ ਦੁਨੀਆਂ ਭਰ ਵਿਚ ਵੱਸਦੀਆਂ ਸੰਗਤਾਂ ਨੇ ਤਾਰੀਫ਼ ਕੀਤੀ ਹੈ। ਬਾਬਾ ਨਛੱਤਰ ਸਿੰਘ ਜੀ ਨੇ ਇਕ ਏਕੜ ਜ਼ਮੀਨ ਵਿਚ ਬੇਸਹਾਰਾ ਬਜ਼ੁਰਗਾਂ ਵਾਸਤੇ ਬਹੁਤ ਹੀ ਵਧੀਆ ਤੇ ਸਾਫ਼-ਸੁਥਰਾ ਆਸ਼ਰਮ ਸਥਾਪਿਤ ਕਰਵਾਇਆ ਹੈ। ਇਹ ਬਿਰਧ ਆਸ਼ਰਮ ਦੀ ਇਮਾਰਤ ਜਿੱਥੇ ਨਿਤਾਣੇ, ਨਿਆਸਰੇ, ਬੇਸਹਾਰਾ ਬਜ਼ੁਰਗਾਂ ਲਈ ਇਕ ਵਰਦਾਨ ਸਿੱਧ ਹੋਈ ਹੈ, ਨਾਲ ਹੀ ਇਹ ਸਾਡੇ ਸਮਾਜ ਨੂੰ ਇਕ ਬਹੁਤ ਵੱਡੀ ਚੁਣੌਤੀ ਵੀ ਹੈ ਕਿ ਸਾਡਾ ਮਾਤਾ-ਪਿਤਾ ਲਈ ਕਿੰਨਾ ਕੁ ਸਤਿਕਾਰ ਹੈ ਤੇ ਅਸੀਂ ਇਸ ਵੱਡਮੁੱਲੀ ਸੇਵਾ ਤੋਂ ਕਿੰਨੇ ਦੂਰ ਹੁੰਦੇ ਜਾ ਰਹੇ ਹਾਂ, ਬਾਬਾ ਨਛੱਤਰ ਸਿੰਘ ਜੀ ਦੀ ਯੋਗ ਅਗਵਾਈ ਹੇਠ ਤਿਆਰ ਹੋਈ ਇਹ ਬਿਰਧ ਆਸ਼ਰਮ ਦੀ ਇਮਾਰਤ ਵੇਖਣਯੋਗ ਹੈ ਅਤੇ ਬਾਬਾ ਜੀ ਨੇ ਬਿਰਧ, ਬੇਸਹਾਰਾ ਬਜ਼ੁਰਗਾਂ ਦੀ ਸੇਵਾ ਲਈ ਆਪਣੇ ਭਰਾ ਗੁਰਦੀਪ ਸਿੰਘ ਦੀ ਡਿਊਟੀ ਲਗਾਈ ਕਿ ਉਹ ਬੇਸਹਾਰਾ ਬਜ਼ੁਰਗਾਂ ਨੂੰ ਹਰ ਤਰ੍ਹਾਂ ਦੀ ਸਹੂਲਤ ਪ੍ਰਦਾਨ ਕਰਨ।



ਬਾਬਾ ਜੀ ਦੇ ਸੱਚਖੰਡ ਚਲੇ ਜਾਣ 'ਤੇ ਸੰਤ ਬਾਬਾ ਗੁਰਦੀਪ ਸਿੰਘ ਜੀ ਵੱਲੋਂ ਜਿੱਥੇ ਸ਼ਹੀਦ ਬਾਬਾ ਤੇਗਾ ਸਿੰਘ ਜੀ ਦੇ ਗੁਰਦੁਆਰੇ ਦੀ ਸੇਵਾ-ਸੰਭਾਲ ਆਰੰਭ ਕੀਤੀ ਹੈ, ਉਥੇ ਹੀ ਉਹ ਬਿਰਧ ਬੇਸਹਾਰਾ ਬਜ਼ੁਰਗਾਂ ਦੀ ਸੇਵਾ ਆਪਣੇ ਮਾਤਾ-ਪਿਤਾ ਸਮਝ ਕੇ ਹੀ ਕਰਦੇ ਹਨ। ਇਸ ਇਮਾਰਤ ਦੇ ਖੁੱਲ੍ਹੇ ਹਵਾਦਾਰ ਕਮਰੇ, ਸਾਫ ਪੀਣ ਵਾਲਾ ਪਾਣੀ, ਬਿਜਲੀ ਦੀ ਸਹੂਲਤ, ਪੱਖੇ, ਸਾਫ਼-ਸੁਥਰੇ ਇਸ਼ਨਾਨ ਘਰ, ਪਖਾਨੇ ਆਦਿ ਦਾ ਪੂਰਾ ਪ੍ਰਬੰਧ ਹੈ। ਇਸ ਬਿਰਧ ਆਸ਼ਰਮ ਵਿਚ 47 ਦੇ ਕਰੀਬ ਕਮਰੇ ਹਨ, ਜਿਨ੍ਹਾਂ ਵਿਚ ਬੇਸਹਾਰਾ ਬਜ਼ੁਰਗਾਂ ਵਾਸਤੇ ਵਧੀਆ ਮੰਜੇ-ਬਿਸਤਰੇ ਵਿਛਾਏ ਗਏ ਹਨ, ਵਿਹੜੇ ਦੇ ਵਿਚਕਾਰ, ਮਾਤਾ ਪਿਤਾ ਦੀ ਸੇਵਾ ਦਾ ਪ੍ਰਤੀਕ, ਸਰਵਨ ਪੁੱਤ ਦਾ ਵੱਡਾ ਕੱਦ ਬੁੱਤ ਲਗਾਇਆ ਗਿਆ ਹੈ ਜਿਹੜਾ ਕਿ ਮਾਤਾ-ਪਿਤਾ ਦੀ ਸੇਵਾ ਲਈ ਪ੍ਰੇਰਦਾ ਹੈ। ਬਜ਼ੁਰਗਾਂ ਦੇ ਮਨੋਰੰਜਨ ਲਈ ਇਥੇ ਅਖ਼ਬਾਰ ਲਗਾਏ ਗਏ ਹਨ, ਇਥੇ ਰਹਿੰਦੇ ਬਜ਼ੁਰਗਾਂ ਦੇ ਚੈਕਅੱਪ ਕਰਨ ਲਈ ਦੋ ਡਾਕਟਰ ਪੱਕੇ ਰੱਖੇ ਹੋਏ ਹਨ ਅਤੇ ਬਜ਼ੁਰਗਾਂ ਨੂੰ ਹਰ ਲੋੜੀਂਦੀ ਦਵਾਈ ਬੂਟੀ ਦੀ ਸੇਵਾ ਵੀ ਇਸ ਬਿਰਧ ਆਸ਼ਰਮ ਦੇ ਪ੍ਰਬੰਧਕਾਂ ਵੱਲੋਂ ਮੁਫ਼ਤ ਦਿੱਤੀ ਜਾਂਦੀ ਹੈ।



ਬੇਸਹਾਰਾ ਬਜ਼ੁਰਗਾਂ ਅਤੇ ਔਰਤਾਂ ਵਾਸਤੇ ਇਸ ਬਿਰਧ ਆਸ਼ਰਮ ਵਿਚ ਹਰ ਸਹੂਲਤ ਉਪਲੱਬਧ ਹੈ। ਸ਼ਾਇਦ ਹੀ ਕੋਈ ਹੋਰ ਪੰਜਾਬ ਅੰਦਰ ਅਜਿਹਾ ਸਾਫ਼-ਸੁਥਰਾ ਬਿਰਧ ਆਸ਼ਰਮ ਹੋਵੇ, ਜੋ ਐਨਾ ਖੁੱਲ੍ਹਾ-ਡੁੱਲ੍ਹਾ ਅਤੇ ਐਨੀਆਂ ਸਹੂਲਤਾਂ ਨਾਲ ਭਰਿਆ ਹੋਵੇ, ਸੁਬਾ ਦੇ ਹੁੰਦਿਆਂ ਹੀ ਸ਼ਾਮ ਤੱਕ ਇਸ ਬਿਰਧ ਆਸ਼ਰਮ ਵਿਚ ਗੁਰਬਾਣੀ ਦਾ ਕੀਰਤਨ ਚੱਲਦਾ ਹੈ, ਜੋ ਬੇਸਹਾਰਾ ਬਜ਼ੁਰਗਾਂ ਨੂੰ ਬਾਣੀ ਨਾਲ ਜੋੜੀ ਰੱਖਦਾ ਹੈ, ਇਥੇ ਰਹਿੰਦੇ ਬਜ਼ੁਰਗਾਂ ਨੂੰ ਸਵੇਰ ਦੀ ਚਾਹ ਨਾਲ ਬਰੈਡ ਦੀ ਸੇਵਾ ਕੀਤੀ ਜਾਂਦੀ ਹੈ। ਇਥੋਂ ਦੇ ਨਿਯਮਾਂ ਅਨੁਸਾਰ ਲੰਗਰ ਪਾਣੀ ਦੀ ਸੇਵਾ ਇਥੋਂ ਦੇ ਸੇਵਾਦਾਰ ਆਪ ਆਪਣੇ ਹੱਥੀਂ ਆ ਕੇ ਇਨ੍ਹਾਂ ਬਿਰਧ ਬਾਬਿਆਂ ਨੂੰ ਛਕਾਉਂਦੇ ਹਨ। ਸਹਾਰੇ ਦੀ ਲੋੜ ਪੈਣ 'ਤੇ ਬਾਬਾ ਗੁਰਦੀਪ ਸਿੰਘ ਜੀ ਵੱਲੋਂ ਪੱਕੇ ਸੇਵਾਦਾਰ ਰੱਖੇ ਹਨ ਤਾਂ ਕਿ ਕਿਸੇ ਬਿਰਧ ਬਾਬੇ ਨੂੰ ਬਾਹਰ ਅੰਦਰ ਜਾਣ ਵਿਚ ਕੋਈ ਦਿੱਕਤ-ਤਕਲੀਫ਼ ਨਾ ਹੋਵੇ।

ਇਥੇ ਲੱਗੇ ਪਾਰਕ ਵਿਚ ਫੁੱਲ-ਬੂਟੇ ਵੇਖ ਕੇ ਲੱਗਦਾ ਹੈ ਕਿ ਉਹ ਬਿਰਧ ਬਜ਼ੁਰਗਾਂ ਨਾਲ ਖਿੜ-ਖਿੜ ਕੇ ਗੱਲਾਂ ਕਰਦੇ ਹੋਣ। ਇਸ ਬਿਰਧ ਆਸ਼ਰਮ ਦੀ ਸੇਵਾ ਬਾਬਾ ਗੁਰਦੀਪ ਸਿੰਘ ਜੀ ਪੂਰੀ ਤਨਦੇਹੀ ਨਾਲ ਕਰ ਰਹੇ ਹਨ। ਉਹ ਬਜ਼ੁਰਗਾਂ ਨੂੰ ਕਦੇ ਕੋਈ ਤਕਲੀਫ ਨਹੀਂ ਹੋਣ ਦਿੰਦੇ। ਸ. ਗੁਰਦੀਪ ਸਿੰਘ ਹਰ ਵੇਲੇ ਉਨ੍ਹਾਂ ਦੀ ਸੇਵਾ ਵਿਚ ਤਤਪਰ ਰਹਿੰਦੇ ਹਨ, ਉਹ ਬਿਰਧ ਬਾਬਿਆਂ ਨੂੰ ਨਹਾਉਣ ਲਈ ਸਾਬਣ, ਤੇਲ, ਤੌਲੀਆ ਆਦਿ ਤੇ ਹੋਰ ਲੋੜੀਂਦੀ ਸਹੂਲਤਾਂ ਮੁਹੱਈਆ ਕਰਦੇ ਹਨ। ਅੱਜਕਲ੍ਹ ਇਸ ਆਸ਼ਰਮ ਵਿਚ ਤਕਰੀਬਨ 40-45 ਦੇ ਕਰੀਬ ਬੇਸਹਾਰਾ ਬਜ਼ੁਰਗ ਰਹਿੰਦੇ ਹਨ ਅਤੇ 20-22 ਦੇ ਕਰੀਬ ਸਰੀਰਤ ਯਾਤਰਾ ਪੂਰੀ ਕਰਦੇ ਹੋਏ ਇਸ ਸਥਾਨ 'ਤੇ ਹੀ ਗੁਰੂ ਨੂੰ ਪਿਆਰੇ ਹੋਏ ਹਨ ਤੇ ਉਨ੍ਹਾਂ ਦਾ ਪੂਰੀ ਤਰ੍ਹਾਂ ਸਿੱਖ ਰੀਤੀ-ਰਿਵਾਜ਼ਾਂ ਨਾਲ ਇਥੇ ਹੀ ਸਸਕਾਰ ਕੀਤਾ ਗਿਆ ਹੈ। ਇਥੇ ਰਹਿੰਦੇ ਬਿਰਧ ਦੱਸਦੇ ਹਨ ਕਿ ਸਵਰਗ ਇਸ ਤੋਂ ਵਧੀਆ ਨਹੀਂ ਹੋਣਾ, ਕਿਉਂਕਿ ਸਾਨੂੰ ਇਥੇ ਹਰ ਲੋੜੀਂਦੀ ਸਹੂਲਤ ਮਿਲਦੀ ਹੈ। ਇਥੇ ਰਹਿੰਦੇ ਬਿਰਧਾਂ ਦੇ ਹਰ ਵੇਲੇ ਚਿਹਰੇ ਖਿੜੇ ਰਹਿੰਦੇ ਹਨ। ਹਰ ਮਹੀਨੇ ਇਨ੍ਹਾਂ ਬਜ਼ੁਰਗਾਂ ਨੂੰ ਵੱਖ-ਵੱਖ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਲਿਜਾਇਆ ਜਾਂਦਾ ਹੈ।

ਉਹ ਇਥੇ ਰਹਿ ਕੇ ਪੂਰੀ ਤਰ੍ਹਾਂ ਖੁਸ਼ ਹਨ ਤੇ ਉਹ ਖੁਦ ਵੀ ਗੁਰੂ ਘਰ ਦੀ ਸੇਵਾ ਕਰਦੇ ਹਨ, ਉਹ ਬਾਬਾ ਗੁਰਦੀਪ ਸਿੰਘ ਜੀ ਦੀ ਸੇਵਾ ਤੋਂ ਪੂਰੀ ਤਰ੍ਹਾਂ ਪ੍ਰਸੰਨ ਹਨ, ਇਸ ਬਿਰਧ ਆਸ਼ਰਮ ਦੀ ਤਾਰੀਫ਼ ਦੇਸ਼ਾਂ-ਵਿਦੇਸ਼ਾਂ ਵਿਚ ਵੀ ਹੋ ਰਹੀ ਹੈ। ਸੰਗਤਾਂ ਬਾਬਾ ਜੀ ਦਾ ਧੰਨਵਾਦ ਕਰਦੀਆਂ ਨਹੀਂ ਥੱਕਦੀਆਂ, ਜਿਨ੍ਹਾਂ ਨੇ ਐਨੀ ਮਿਹਨਤ ਤੇ ਲਗਨ ਨਾਲ ਬਜ਼ੁਰਗਾਂ ਨੂੰ ਸਾਂਭਣ ਦਾ ਹੀਲਾ ਕੀਤਾ ਹੈ। ਦੇਸ਼ਾਂ-ਵਿਦੇਸ਼ਾਂ ਦੀ ਸੰਗਤ ਬਾਬਾ ਜੀ ਨੂੰ ਮੁਬਾਰਕਾਂ ਭੇਜ ਰਹੀ ਹੈ। ਇਥੇ ਲਾਇਬਰੇਰੀ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਇਥੇ ਰਹਿਣ ਵਾਲੇ ਕਿਸੇ ਵੀ ਬਜ਼ੁਰਗ ਕੋਲ ਕੋਈ ਪੈਸਾ ਨਹੀਂ ਲਿਆ ਜਾਂਦਾ। ਉਨ੍ਹਾਂ ਦੀ ਫ੍ਰੀ ਸੇਵਾ ਕੀਤੀ ਜਾਂਦੀ ਹੈ। ਪਿਛਲੇ ਦਿਨੀਂ ਸੈਂਟਰ ਸਰਕਾਰ ਦੀ ਸਕੀਮ ਜੋ ਬੇਸਹਾਰਾ ਬਜ਼ੁਰਗਾਂ ਲਈ ਬਣੇ ਬਿਰਧ ਆਸ਼ਰਮਾਂ ਲਈ ਕੁਝ ਬਜਟ ਭੇਜਦੀ ਹੈ, ਉਹ ਬਜਟ ਬਾਬਾ ਗੁਰਦੀਪ ਸਿੰਘ ਜੀ ਨੇ ਇਹ ਕਹਿ ਕੇ ਵਾਪਸ ਕਰ ਦਿੱਤਾ ਕਿ ਨਹੀਂ ਸਾਨੂੰ ਇਸ ਬਜਟ ਦੀ ਲੋੜ ਨਹੀਂ। ਅਸੀਂ ਇਥੇ ਸੰਗਤਾਂ ਦੇ ਸਹਿਯੋਗ ਨਾਲ ਅਤੇ ਹੱਥੀਂ ਬਜ਼ੁਰਗਾਂ ਦੀ ਸੇਵਾ ਕਰਕੇ ਪੂਰੀ ਤਰ੍ਹਾਂ ਖੁਸ਼ ਹਾਂ, ਕਿਉਂਕਿ ਦੇਸ਼ਾਂ-ਵਿਦੇਸ਼ਾਂ ਦੀਆਂ ਸੰਗਤਾਂ ਇਸ ਆਸ਼ਰਮ ਲਈ ਵੱਧ ਚੜ੍ਹ ਕੇ ਸਹਿਯੋਗ ਦਿੰਦੀਆਂ ਹਨ ਅਤੇ ਅਸੀਂ ਇਹ ਆਸ਼ਰਮ ਸਿਰਫ਼ ਬੇਸਹਾਰਾ ਬਜ਼ੁਰਗਾਂ ਦੀ ਸੇਵਾ ਲਈ ਬਣਾਏ ਹਨ। ਸਰਕਾਰੀ ਗ੍ਰਾਂਟ ਲੈਣ ਵਾਸਤੇ ਨਹੀਂ ਬਣਾਏ, ਕਿਉਂਕਿ ਸਾਨੂੰ ਸੰਗਤਾਂ ਦੇ ਸਹਿਯੋਗ ਨਾਲ ਹੱਥੀਂ ਸੇਵਾ ਕਰਕੇ ਜੋ ਸ਼ਾਂਤੀ ਮਿਲਦੀ ਹੈ, ਅਸੀਂ ਉਸ ਵਿਚ ਪੂਰੀ ਤਰ੍ਹਾਂ ਖੁਸ਼ ਹਾਂ।

**ਅੱਲਾ, ਵਾਹਿਗੁਰੂ, ਰਾਮ, ਰਹੀਮ ਬਸ ਤੁਮ ਹਮਰੇ ਸਰਣਾਈ**
**ਗੁਰ ਕਿਰਪਾ ਸੇ ਤੁਮਰੀ ਸੇਵਾ ਏਸ ਜਨਮ ਹਮ ਪਾਈ**
**ਤੁਮਕੀ ਸੇਵਾ ਸਭ ਅਸ਼ਨਾਨ ਸਗਲ ਪੁੰਨ ਨੇ ਮਿਲਦੇ**
**ਤੁਮ ਮਾਤ ਪਿਤਾ ਹਮ ਸੇਵਕ ਹਾਂ ਹੋਣ ਦੀਦਾਰੇ ਤਨ ਨੇ ਖਿਲਦੇ**

**ਜਗਦੇਵ ਬਰਾੜ**